# ਬੱਚਿਆਂ ਲਈ ਬਾਈਬਲ

ਉਪੱਸਥਿਤ

# ਯਿਸੂ ਦਾ ਪੰਜ ਹਜ਼ਾਰ ਲੋਕਾਂ ਨੂੰ ਖਵਾਉਣਾ




ਦੁਆਰਾ ਲਿਖਿਆ ਗਿਆ : Edward Hughes
ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Janie Forest
ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque
ਦੁਆਰਾ ਬਦਲਿਆ ਗਿਆ : Ruth Klassen


ਕਹਾਣੀ 51 ਤ਼ 60


**www.M1914.org**

***Bible for Children,*** *PO Box 3, Winnipeg, MB R3C 2G1 Canada*



ਆਗਿਆ ਦੇਣ.ੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ
ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।


ਪੰਜ਼ਾਬੀ

Punjabi

ਬਹੁਤ ਸਾਰੇ ਧਾਰਮੀਕ ਆਗੂਆਂ (ਫ਼ਰੀਸੀਆਂ)
ਨੇ ਯਿਸੂ ਦੇ ਬਾਰੇ ਝੂਠ ਬੋਲਿਆ।
ਕਈਆਂ ਨੇ ਉਸ ਨੂੰ ਮਾਰਨ
ਦੀ ਕੋਸ਼ੀਸ਼ ਵੀ
ਕੀਤੀ।



1

ਉਹਨਾਂ ਨੇ ਵਿਸ਼ਵਾਸ਼ ਨਾ ਕੀਤਾ ਕੇ
ਉਹ ਸੱਚ ਮੁੱਚ ਪਰਮੇਸ਼ਵਰ
ਦਾ ਪੁੱਤਰ ਸੀ।



2

ਉਹਨਾਂ ਨੇ ਉਸ ਨੂੰ ਸਵੀਕਾਰ ਨਾ ਕੀਤਾ ਭਾਂਵੇ ਉਸਨੇ ਚਮਤਕਾਰ ਕੀਤੇ
ਜਿਹੜੇ ਇਹ ਸਾਬਿਤ ਕਰਦੇ ਹਨ
ਕੇ ਯਿਸੂ ਪਰਮੇਸ਼ਵਰ ਦਾ
ਪੁੱਤਰ
ਹੈ।



3

ਇੱਕ ਦਿਨ, ਯਿਸੂ ਨੇ ਗ਼ਲੀਲ ਦਾ ਸਮੁੰਦਰ ਪਾਰ ਕੀਤਾ। ਸ਼ਾਇਦ ਉਹ
ਥੋੜੀ ਦੇਰ ਲਈ ਭੀੜ ਤੋਂ ਆਰਾਮ ਚਾਹੁੰਦਾ ਸੀ ਜਿਹੜੀ ਹਮੇਸ਼ਾਂ ਉਸਦੇ
ਚਾਰੇ ਪਾਸੇ ਇਕੱਠੀ ਹੁੰਦੀ ਸੀ। ਪਰ ਭੀੜ
ਨੇ ਉਸ ਨੂੰ ਲੱਭ ਲਿਆ। ਉਹ ਜਾਣਦੇ
ਸੀ ਯਿਸੂ ਨੇ ਮਹਾਨ ਚਮਤਕਾਰ
ਕੀਤੇ ਹਨ। ਉਹ ਉਸ ਦੇ ਨਾਲ
ਰਹਿਣਾ ਚਾਹੁੰਦੇ ਸਨ।



4

ਯਿਸੂ ਆਪਣੇ ਚੇਲਿਆਂ ਨੂੰ ਨਿਰਜਨ ਪਹਾੜ ਤੇ ਲੈ
ਗਿਆ ਜਿੱਥੇ ਉਹ ਬੈਠ ਕੇ ਸਿੱਖਿਆ ਦੇਣ ਲੱਗਾ।



5

ਜਿਆਦਾ ਅਤੇ ਬਹੁਤ ਜਿਆਦਾ ਲੋਕ
ਆਉਂਦੇ ਰਹੇ। ਜਲਦ ਹੀ ਭੋਜਨ ਦਾ
ਸਮਾਂ ਸੀ। ਸਾਰੇ ਜਰੂਰ ਭੁੱਖੇ ਹੋਣਗੇ।



6

ਯਿਸੂ ਨੇ ਭੀੜ ਦੀ ਵੱਲ ਵੇਖਿਆ। "ਅਸੀ ਰੋਟੀ ਕਿੱਥੋਂ ਖਰੀਦੀਏ ਕੇ ਇਹ
ਖਾਣ?" ਉਸ ਨੇ ਫ਼ਿਲਪਸ ਨੂੰ ਪੁੱਛਿਆ। ਕਿਤੇ ਵੀ ਲਾਗੇ ਖਾਣ ਦੀ ਦੁਕਾਨ
ਨਹੀ ਸੀ। ਯਿਸੂ ਕੀ ਕਰਨ ਦੀ ਯੋਜਨਾ
ਬਣਾ ਰਿਹਾ ਸੀ?



7

"ਇਹਨਾਂ ਨੂੰ ਖਵਾਉਣ ਲਈ ਧਨ ਦੀ ਲੋੜ ਹੈ," ਫ਼ਿਲਪਸ ਨੇ ਉੱਤਰ
ਦਿੱਤਾ। ਯਿਸੂ ਅਤੇ ਉਸਦੇ ਚੇਲਿਆਂ ਦੇ ਕੋਲ ਇੰਨੇ ਪੈਸੇ ਨਹੀ ਸਨ।



8

ਦੂਸਰੇ ਚੇਲੇ ਅੰਦਰਿਯਾਸ (ਸ਼ਮਾਊਣ ਪਤਰਸ ਦੇ ਭਰਾ) ਨੇ ਯਿਸੂ ਨੂੰ ਕਿਹਾ: "ਇੱਥੇ ਇੱਕ ਲੜਕਾ ਹੈ ਜਿਸ ਕੋਲ ਪੰਜ ਜੌਂ ਦੀਆਂ ਰੋਟੀਆਂ ਅਤੇ ਦੋ ਮੱਛੀਆਂ ਹਨ, ..."



9

"... ਪਰ ਇਹ ਇੰਨੇ ਲੋਕਾਂ ਲਈ ਕੀ ਹਨ?" ਭਾਵੇ ਉਹ ਲੜਕਾ ਆਪਣਾ ਭੋਜਨ ਯਿਸੂ ਨੂੰ ਆਪਣੀ ਇੱਛਾ ਨਾਲ ਦੇਣਾ ਚਾਹੁੰਦਾ ਸੀ – ਅੰਦਰਿਯਾਸ ਨੇ ਨਹੀ ਵੇਖਿਆ ਕੀ ਉਸ ਛੋਟੇ ਬੱਚੇ ਦਾ ਦੁਪਹਿਰ ਦਾ ਭੋਜਨ ਬਹੁਤ ਸਾਰੇ ਲੋਕਾਂ ਨੂੰ ਕਿਵੇ ਰਜਾਵੇਗਾ।



10

ਯਿਸੂ ਨੇ ਕਿਹਾ, "ਲੋਕਾਂ ਨੂੰ ਬੈਠਾ ਦਿਉ।" ਤਾਂ ਸਾਰੇ ਮਨੁੱਖ ਬੈਠ ਗਏ, ਜਿਹਨਾਂ ਦੀ ਗਿਣਤੀ ਲਗਭਗ ਪੰਜ ਹਜ਼ਾਰ ਸੀ। ਵਾਹ! ਪੰਜ ਹਜ਼ਾਰ! ਇੱਥੋਂ ਤੱਕ ਉਹਨਾਂ ਔਰਤਾਂ ਅਤੇ ਬੱਚਿਆਂ ਦੀ ਗਿਣਤੀ ਨਹੀ ਕੀਤੀ ਜਿਹੜੇ ਉੱਥੇ ਸਨ।



11

ਫਿਰ ਯਿਸੂ ਨੇ ਰੋਟੀ ਅਤੇ ਮੱਛੀ ਨੂੰ ਲਿਆ। ਛੋਟੇ ਲੜਕੇ ਨੇ ਜਰੂਰ ਯਿਸੂ ਤੇ ਭਰੋਸਾ ਕੀਤਾ ਹੋਣਾ। ਉਹ ਨਹੀ ਜਾਣਦਾ ਸੀ ਕੀ ਯਿਸੂ ਉਸਦਾ ਦੁਪਹਿਰ ਦਾ ਭੋਜਨ ਲੈਣਾ ਚਾਹੁੰਦਾ ਸੀ, ਯਿਸੂ ਇਸ ਦਾ ਕੀ ਕਰੇਗਾ।



12

ਸ਼ਾਇਦ ਉਸਨੇ ਸੋਚਿਆ ਹੋਣਾ, "ਜੇਕਰ ਮੈਂ ਆਪਣਾ ਭੋਜਨ ਦੇ ਦਵਾਂ, ਮੈਂ ਖਾ ਨਹੀ ਸਕਦਾ।" ਕਿਸੇ ਵੀ ਤ੍ਰਾਂ ਉਸ ਨੇ ਯਿਸੂ ਨੂੰ ਦੇ ਦਿੱਤਾ।



13

ਤਦ ਯਿਸੂ ਨੇ ਪ੍ਰਾਥਨਾਂ ਕੀਤੀ। ਉਸ ਨੇ ਪਰਮੇਸ਼ਵਰ ਦਾ ਧੰਨਵਾਦ ਕੀਤਾ। ਕੀ ਪੰਜ ਰੋਟੀਆਂ ਅਤੇ ਦੋ ਮੱਛੀਆਂ ਦੇ ਲਈ? ਜੀ ਹਾਂ! ਯਿਸੂ ਨੇ ਪਰਮੇਸ਼ਵਰ ਦਾ ਦੰਨਵਾਦ ਕੀਤਾ ਅਤੇ ਭੋਜਨ ਤੇ ਆਸ਼ੀਸ਼ ਮੰਗੀ।



14

ਪ੍ਰਾਥਨਾਂ ਦੇ ਬਾਅਦ, ਯਿਸੂ ਨੇ ਉਹਨਾਂ ਰੋਟੀਆਂ ਅਤੇ ਮੱਛੀਆਂ ਨੂੰ ਤੋੜਿਆ ਅਤੇ ਉਹਨਾਂ ਨੂੰ ਚੇਲਿਆਂ ਨੂੰ ਦਿੱਤਾ ਜਿਹਨਾਂ ਨੇ ਉਸ ਨੂੰ ਵੱਡੀ ਭੀੜ ਵਿੱਚ ਵੰਡਿਆ।ਜਦ ਲੋਕਾਂ ਨੇ ਯਿਸੂ ਦੇ ਚਮਤਕਾਰ ਨੂੰ ਵੇਖਿਆ। ਹਰੇਕ ਜਿੰਨਾਂ ਚਾਹੁੰਦਾ ਸੀ ਉਨਾ ਖਾਦਾ। ਤਦ ਵੀ ਰੋਟੀ ਅਤੇ ਮੱਛੀਆਂ ਪੂਰੀਆਂ ਨਾਂ ਵਰਤਾਈਆਂ ਗਈਆਂ।



15

ਸਾਰੇ ਲੋਕਾਂ ਦੇ ਖਾਣ ਦੇ ਬਾਅਦ ਵੀ ਬਹੁਤ ਸਾਰੀਆਂ ਰੋਟੀਆਂ ਅਤੇ ਮੱਛੀਆਂ ਅਜੇ ਵੀ ਵਧੀਆਂ ਸਨ। ਯਿਸੂ ਨੇ ਚੇਲਿਆਂ ਨੂੰ ਕਿਹਾ, "ਇਹਨਾਂ ਨੂੰ ਇਕੱਠਾ ਕਰੋ ਕੇ ਕੋਈ ਵੀ ਨਸ਼ਟ ਨਾ ਹੋਵੇ।" ਉਹਨਾਂ ਨੇ ਖਾਣ ਤੋਂ ਬਾਅਦ ਬਚੀਆਂ ਹੋਈਆ ਰੋਟੀਆਂ ਦੀਆਂ ਬਾਰਾਂ ਟੋਕਰੀਆਂ ਭਰੀਆਂ ਜਿਹੜੀਆਂ ਉਹਨਾਂ ਪੰਜ ਜੌਂ ਦੀਆਂ ਰੋਟੀਆਂ ਤੋਂ ਸਨ।



16

ਉਸ ਦਿਨ, ਯਿਸੂ ਨੇ ਪੰਜ ਹਜ਼ਾਰ ਲੋਕਾਂ ਨੂੰ ਛੋਟੇ ਬੱਚੇ ਦੇ ਭੋਜਨ ਤੋਂ ਖਵਾਇਆ। ਦੂਸਰੀ ਵਾਰ, ਉਸਨੇ ਚਾਰ ਹਜ਼ਾਰ ਲੋਕਾਂ ਨੂੰ ਸੱਤ ਰੋਟੀਆਂ ਅਤੇ ਕੁਝ ਮੱਛੀਆਂ ਨਾਲ ਖਵਾਇਆ। ਜਦ ਸਧਾਰਨ ਲੋਕਾਂ ਨੇ ਇਸ ਚਿੰਨ੍ਹ ਨੂੰ ਵੇਖਿਆ ਉਹ ਫ਼ਰੀਸੀਆਂ ਦੀ ਤ੍ਰਾਂ ਗੁੱਸੇ ਨਹੀ ਸਨ।



17

ਉਸ ਦੀ ਜ੍ਗਾ ਉਹਨਾਂ ਨੇ ਕਿਹਾ, "ਇਹ ਇੱਕ ਸੱਚਾ ਭਵਿੱਖਵਕਤਾ ਹੈ ਜਿਹੜਾ ਇਸ ਦੁਨੀਆਂ ਵਿੱਚ ਆਇਆ ਹੈ।" ਉਹ ਜਾਣਦੇ ਸਨ ਯਿਸੂ ਉਦਾਰਕਰਤਾ ਹੈ ਜਿਸਦਾ ਆਉਣਾ ਪਰਮੇਸ਼ਵਰ ਦੇ ਪਵਿੱਤਰ ਵਚਨ ਦਾ ਵਾਇਦਾ ਸੀ।



18

ਯਿਸੂ ਦਾ ਪੰਜ ਹਜ਼ਾਰ ਲੋਕਾਂ ਨੂੰ ਖਵਾਉਣਾ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਯਹੂੰਨਾ ਦੀ ਇੰਜੀਲ 6

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ ਜਿਸ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਮਜ਼ਦੂਰੀ ਮੌਤ ਹੈ।

ਪਰਮੇਸ਼ਵਰ ਨੇ ਸਾਨੂੰ ਇਹੋ ਜਿਹਾ ਪਿਆਰ ਕੀਤਾ ਕਿ ਉਸਨੇ ਆਪਣਾ ਪੁੱਤਰ ਭੇਜ਼ ਦਿੱਤਾ ਕਿ ਯਿਸੂ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡਾ ਜੁਰਮਾਨਾਂ ਭਰੇ।ਯਿਸੂ ਮਸੀਹ ਜਿੰਦਾ ਹੋਏ ਅਤੇ ਵਾਪਿਸ ਸਵਰਗ ਨੂੰ ਚਲੇ ਗਏ।ਹੁਣ ਪਰਮੇਸ਼ਵਰ ਸਾਡੇ ਗੁਨਾਹਾ ਨੂੰ ਮੁਆਫ਼ ਕਰ ਸਕਦਾ ਹੈ।

ਜੇਕਰ ਤੁਸੀ ਆਪਣੇ ਪਾਪਾਂ ਤੋ ਮੁੜਨਾ ਚਾਹੁੰਦੇ ਹੋ ਤਾਂ ਪਰਮੇਸ਼ਵਰ ਨੂੰ ਆਖੋ : ਪਿਆਰੇ ਪਰਮੇਸ਼ਵਰ ਮੈ ਵਿਸ਼ਵਾਸ਼ ਕਰਦਾਂ ਹਾਂ ਕਿ ਯਿਸੂ ਮੇਰੇ ਲਈ ਮਰਿਆਂ ਅਤੇ ਹੁਣ ਜਿੰਦਾਂ ਹੈ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਗੁਨਾਹਾਂ ਨੂੰ ਮੁਆਫ਼ ਕਰੋ। ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ ਅਤੇ ਤੁਹਾਡੇ ਨਾਲ ਹਮੇਸ਼ਾਂ ਲਈ ਰਹਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੇ ਲਈ ਜੀਵਾਂ ਤੁਹਾਡਾ ਬੱਚਾਂ ਬਣ ਕੇ,
ਆਮੀਨ। ਯਹੂੰਨਾ ਦੀ ਇੰਜ਼ੀਲ 3:16

ਬਾਈਬਲ ਨੂੰ ਪੜੋ ਅਤੇ ਪਰਮੇਸ਼ਵਰ ਨਾਲ ਹਰ ਰੋਜ਼ ਗੱਲ ਬਾਤ ਕਰੋ।